

ਐਡਵੋਕੇਸੀ ਅਕਸੈੱਸ

# ਹੈਲਪਸ਼ੀਟ

ਬੀ ਸੀ ਡਿਸਏਬਿਲਟੀ ਭੱਤੇ

**12**

**ਅਕਤੂਬਰ 2011**

# ਡਿਸਏਬਿਲਟੀਜ਼ ਵਾਲੇ ਵਿਅਕਤੀਆਂ ਲਈ ਇਨਕਮ ਅਸਿਸਟੈਂਸ ਲਈ ਅਰਜ਼ੀ ਦੀ ਕਾਰਵਾਈ

ਇਸ ਹੈਲਪ ਸ਼ੀਟ ਲਈ ਫੰਡ ਲੀਗਲ ਸਰਵਿਸਿਜ਼ ਸੁਸਾਇਟੀ ਆਫ ਬੀ ਸੀ, ਹਿਊਮਨ ਰੀਸੋਰਸਿਜ਼ ਐਂਡ ਸਕਿਲਜ਼ ਡਿਵੈਲਪਮੈਂਟ ਕੈਨੇਡਾ: ਹੋਮਲੈੱਸਨੈੱਸ ਪਾਰਟਨਰਿੰਗ ਸਟਰੈਟਜੀ ਅਤੇ ਹੈਲਥ ਸਾਇੰਸਿਜ਼ ਐਸੋਸੀਏਸ਼ਨ ਆਫ ਬ੍ਰਿਟਿਸ਼ ਕੋਲੰਬੀਆ ਤੋਂ ਮਿਲੇ ਹਨ।

ਇਹ ਹੈਲਪ ਸ਼ੀਟ ਡਿਸਏਬਿਲਟੀਜ਼ ਵਾਲੇ ਉਨ੍ਹਾਂ ਲੋਕਾਂ ਲਈ ਹੈ ਜਿਨ੍ਹਾਂ ਨੂੰ ਮਨਿਸਟਰੀ ਆਫ ਸੋਸ਼ਲ ਡਿਵੈਲਪਮੈਂਟ (ਐੱਮ ਐੱਸ ਡੀ) ਤੋਂ ਡਿਸਏਬਿਲਟੀ ਭੱਤੇ ਲੈਣ ਲਈ ਪਹਿਲੀ ਵਾਰ ਅਪਲਾਈ ਕਰਨ ਦੀ ਲੋੜ ਹੈ। ਅਸੀਂ ਉਨ੍ਹਾਂ ਕਦਮਾਂ ਬਾਰੇ ਦੱਸਦੇ ਹਾਂ ਜਿਹੜੇ ਤੁਹਾਡੇ ਲਈ ਪਰਸਨਜ਼ ਵਿਦ ਡਿਸਏਬਿਲਟੀਜ਼ (ਪੀ ਡਬਲਯੂ ਡੀ) ਭੱਤੇ ਲਈ ਅਪਲਾਈ ਕਰਨ ਤੋਂ ਪਹਿਲਾਂ ਚੁੱਕਣੇ ਜ਼ਰੂਰੀ ਹਨ (ਪੀ ਡਬਲਯੂ ਡੀ ਦਰਜੇ ਲਈ ਅਪਲਾਈ ਕਰਨ ਬਾਰੇ ਜਾਣਕਾਰੀ ਲਈ ਕਿਰਪਾ ਕਰਕੇ ਸਾਡੀ ਹੈਲਪ ਸ਼ੀਟ 2 ਦੇਖੋ)।

## ਸ਼ੁਰੂ ਕਰਨ ਤੋਂ ਪਹਿਲਾਂ

### ਡਿਸਏਬਿਲਟੀ ਬਾਰੇ

ਤੁਹਾਨੂੰ ਇਹ ਗੱਲ ਸਮਝਣੀ ਚਾਹੀਦੀ ਹੈ ਕਿ ਪਹਿਲਾਂ ਪਹਿਲਾਂ ਹੋ ਸਕਦਾ ਤੁਹਾਡੇ ਨਾਲ ਆਪਣੀ ਡਿਸਏਬਿਲਟੀ (ਅਪਾਹਜਤਾ) ਕਾਰਨ ਐੱਮ ਐੱਸ ਡੀ ਤੋਂ ਕੋਈ ਸਪੈਸ਼ਲ ਵਰਤਾਉ ਨਾ ਹੋਵੇ। ਐੱਮ ਐੱਸ ਡੀ ਦਾ ਸਟਾਫ ਆਮ ਤੌਰ 'ਤੇ ਤੁਹਾਡੇ ਤੋਂ ਉਨ੍ਹਾਂ ਚੀਜ਼ਾਂ ਦੀ ਹੀ ਉਮੀਦ ਰੱਖਦਾ ਹੈ ਜਿਹੜੀਆਂ ਉਹ ਹੋਰ ਅਰਜ਼ੀਕਰਤਾਵਾਂ ਤੋਂ ਰੱਖਦਾ ਹੈ। ਜੇ ਤੁਹਾਡੀਆਂ ਸੀਮਾਵਾਂ ਹਨ ਤਾਂ ਛੇਤੀ ਤੋਂ ਛੇਤੀ ਇਸ ਬਾਰੇ ਸਟਾਫ ਨੂੰ ਦੱਸਣਾ ਯਾਦ ਰੱਖੋ। ਜੇ ਤੁਹਾਨੂੰ ਲੱਗਦਾ ਹੈ ਕਿ ਅਰਜ਼ੀ ਦੀ ਕਾਰਵਾਈ ਨੂੰ ਸਮਝਣ ਜਾਂ ਮੁਕੰਮਲ ਕਰਨ ਵਿਚ ਤੁਹਾਨੂੰ ਸਮੱਸਿਆ ਆਵੇਗੀ ਤਾਂ ਕਿਸੇ ਦੋਸਤ ਜਾਂ ਪਰਿਵਾਰ ਦੇ ਮੈਂਬਰ ਨੂੰ ਆਖੋ ਕਿ ਉਹ ਮਦਦ ਲਈ ਤੁਹਾਡੇ ਨਾਲ ਜਾਵੇ।

### ਡਿਸਏਬਿਲਟੀ ਭੱਤਿਆਂ ਬਾਰੇ (ਪੀ ਡਬਲਯੂ ਡੀ)

ਤੁਹਾਨੂੰ ਇਹ ਵੀ ਸਮਝਣਾ ਚਾਹੀਦਾ ਹੈ ਕਿ ਡਿਸਏਬਿਲਟੀਜ਼ ਵਾਲੇ ਲੋਕ ਆਪਣੇ ਆਪ ਹੀ ਡਿਸਏਬਿਲਟੀ ਭੱਤਿਆਂ (ਬੈਨੇਫਿਟਸ) ਲਈ ਯੋਗ ਨਹੀਂ ਹੋ ਜਾਂਦੇ ਅਤੇ ਕਾਰਵਾਈ ਪੂਰੀ ਹੋਣ ਨੂੰ ਅਤੇ ਸਾਰੇ ਲੋੜੀਂਦੇ ਪੇਪਰ ਲੈਣ ਲਈ ਇਕ ਹਫਤਾ ਜਾਂ ਜ਼ਿਆਦਾ ਸਮਾਂ ਲੱਗ ਸਕਦਾ ਹੈ। ਪਹਿਲਾਂ, ਤੁਹਾਨੂੰ ਇਹ ਦਿਖਾਉਣ ਦੀ ਲੋੜ ਹੈ ਕਿ ਤੁਸੀਂ ਮਾਇਕ ਤੌਰ 'ਤੇ ਹੱਕਦਾਰ ਹੋ। ਦੂਜਾ, ਤੁਹਾਡੇ ਲਈ ਪੀ ਡਬਲਯੂ ਡੀ ਅਰਜ਼ੀ ਲੈਣਾ ਜ਼ਰੂਰੀ ਹੈ। ਇਹ ਤੁਹਾਡੇ ਡਾਕਟਰ ਵਲੋਂ ਮੁਕੰਮਲ ਕੀਤੀ ਜਾ ਸਕਦੀ ਹੈ ਅਤੇ ਮਨਜ਼ੂਰੀ ਲਈ ਵਿਕਟੋਰੀਆ ਨੂੰ ਭੇਜੀ ਜਾ ਸਕਦੀ ਹੈ। ਜੇ ਵਿਕਟੋਰੀਆ ਤੁਹਾਡੀ ਪੀ ਡਬਲਯੂ ਡੀ ਦੀ ਅਰਜ਼ੀ ਨੂੰ ਪ੍ਰਵਾਨ ਕਰ ਲੈਂਦਾ ਹੈ ਤਾਂ ਤੁਹਾਡੀ ਪਛਾਣ ਫਿਰ "ਪਰਸਨ ਵਿਦ ਡਿਸਏਬਿਲਟੀਜ਼" (ਅਪਾਹਜ ਵਿਅਕਤੀ) ਵਜੋਂ ਹੋਵੇਗੀ ਅਤੇ ਤੁਸੀਂ ਡਿਸਏਬਿਲਟੀ ਸਹਾਇਤਾ ਦਾ ਰੇਟ ਲੈਣ ਦੇ ਯੋਗ ਹੋਵੋਗੇ। ਡਿਸਏਬਿਲਟੀ ਭੱਤੇ ਪਿਛਲੀਆਂ ਤਾਰੀਕਾਂ ਤੋਂ ਸ਼ੁਰੂ ਨਹੀਂ ਕੀਤੇ ਜਾਂਦੇ। ਇਸ ਦਾ ਮਤਲਬ ਹੈ ਕਿ ਇਹ ਉਸ ਮਹੀਨੇ ਤੋਂ ਦਿੱਤੇ ਜਾਂਦੇ ਹਨ ਜਿਸ ਮਹੀਨੇ ਮਨਿਸਟਰੀ ਇਹ ਫੈਸਲਾ ਕਰਦੀ ਹੈ ਕਿ ਤੁਸੀਂ ਹੱਕਦਾਰ ਹੋ।

ਬਹੁਤੇ ਨਵੇਂ ਅਰਜ਼ੀਕਰਤਾ ਪਰਸਨਜ਼ ਵਿਦ ਪਰਸਿਸਟੈਂਟ ਐਂਡ ਮਲਟੀਪਲ ਬੈਰੀਅਰਜ਼ ਟੂ ਇਮਪਲੌਏਮੈਂਟ (ਪੀ ਪੀ ਐੱਮ ਬੀ) ਭੱਤੇ ਲਈ ਹੱਕਦਾਰ ਨਹੀਂ ਹੋਣਗੇ ਕਿਉਂ ਇਸ ਲਈ ਅਪਲਾਈ ਕਰਨ ਤੋਂ ਪਹਿਲਾਂ ਤੁਹਾਡਾ 12 ਮਹੀਨਿਆਂ ਲਈ ਅਸਿਸਟੈਂਸ ’ਤੇ ਹੋਣਾ ਜ਼ਰੂਰੀ ਹੈ।

## ਆਮਦਨ ਬਾਰੇ

ਇਨਕਮ ਅਸਿਸਟੈਂਸ (ਵੈਲਫੇਅਰ) ਅਤੇ ਡਿਸਏਬਿਲਟੀ ਭੱਤੇ ਆਮਦਨ ’ਤੇ ਨਿਰਭਰ ਹਨ। ਇਸ ਦਾ ਮਤਲਬ ਹੈ ਕਿ ਜੇ ਤੁਹਾਡੇ ਕੋਲ ਕਾਫੀ ਪੈਸੇ ਹਨ ਤਾਂ ਤੁਸੀਂ ਅਸਿਸਟੈਂਸ ਲਈ ਯੋਗ ਨਹੀਂ ਹੋ ਸਕਦੇ। ਉਦਾਹਰਣ ਲਈ, ਜੇ ਤੁਸੀਂ ਇਕੱਲੇ ਹੋ ਅਤੇ ਤੁਹਾਡੀ ਹਰ ਮਹੀਨੇ ਦੀ ਆਮਦਨ 610 ਡਾਲਰ ਨਾਲੋਂ ਜ਼ਿਆਦਾ ਹੈ ਤਾਂ ਇਸ ਗੱਲ ਦੀ ਸੰਭਾਵਨਾ ਨਹੀਂ ਹੈ ਕਿ ਤੁਸੀਂ ਰੈਗੂਲਰ ਇਨਕਮ ਅਸਿਸਟੈਂਸ ਲਈ ਯੋਗ ਹੋਵੋਗੇ। 906 ਡਾਲਰ ਨਾਲੋਂ ਜ਼ਿਆਦਾ ਦੀ ਮਹੀਨਾਵਾਰ ਆਮਦਨ ਵਾਲੇ ਇਕੱਲੇ ਲੋਕ ਆਮ ਤੌਰ ’ਤੇ ਡਿਸਏਬਿਲਟੀ ਭੱਤੇ ਲੈਣ ਦੇ ਯੋਗ ਨਹੀਂ ਹੁੰਦੇ। ਜੇ ਤੁਹਾਡੀ ਆਮਦਨ 610 ਡਾਲਰ ਤੋਂ ਜ਼ਿਆਦਾ ਹੈ, ਪਰ 906 ਡਾਲਰ ਤੋਂ ਘੱਟ ਹੈ ਤਾਂ ਡਿਸਏਬਿਲਟੀ ਭੱਤਿਆਂ ਲਈ ਅਪਲਾਈ ਕਰਨਾ ਸੰਭਵ ਹੈ।

## ਜਾਇਦਾਦ ਬਾਰੇ

ਇਨਕਮ ਅਸਿਸਟੈਂਸ ਅਤੇ ਡਿਸਏਬਿਲਟੀ ਭੱਤੇ ਜਾਇਦਾਦ ’ਤੇ ਵੀ ਨਿਰਭਰ ਹਨ। ਉਦਾਹਰਣ ਲਈ, ਇਨਕਮ ਅਸਿਸਟੈਂਸ ’ਤੇ ਕੋਈ ਇਕੱਲਾ ਵਿਅਕਤੀ 1500 ਡਾਲਰ ਦੀ ਜਾਇਦਾਦ ਰੱਖ ਸਕਦਾ ਹੈ ਅਤੇ ਅਜੇ ਵੀ ਅਸਿਸਟੈਂਸ ਲਈ ਯੋਗ ਹੋ ਸਕਦਾ ਹੈ। ਪਰ, 150 ਡਾਲਰ ਦੀ ਨਗਦੀ ਕੋਲ ਹੋਣ ਵਾਲੇ ਨਵੇਂ ਅਰਜ਼ੀਕਰਤਾਵਾਂ ਨੂੰ ਆਪਣੀ ਪਹਿਲੀ ਚੈੱਕ ’ਤੇ ਘੱਟ ਪੈਸੇ ਮਿਲਣਗੇ। ਉਦਾਹਰਣ ਲਈ, ਜੇ ਤੁਹਾਡੇ ਕੋਲ 300 ਡਾਲਰ ਨਗਦੀ ਹੈ ਜਾਂ ਬੈਂਕ ਵਿਚ ਪੈਸੇ ਹਨ ਤਾਂ ਤੁਹਾਡੇ ਭੱਤਿਆਂ ਦੀ ਪਹਿਲੀ ਚੈੱਕ ਵਿੱਚੋਂ 150 ਡਾਲਰ ਕੱਟ ਲਏ ਜਾਣਗੇ। ਤੁਹਾਨੂੰ 5000 ਡਾਲਰ ਤੱਕ ਦੀ ਕਾਰ ਅਤੇ ਉਸ ਘਰ ਦੀ ਮਾਲਕੀ ਰੱਖਣ ਦੀ ਵੀ ਆਗਿਆ ਹੈ ਜਿਸ ਵਿਚ ਤੁਸੀਂ ਰਹਿੰਦੇ ਹੋ। ਡਿਸਏਬਿਲਟੀ ਵਾਲਾ ਕੋਈ ਵਿਅਕਤੀ 3000 ਡਾਲਰ ਤੱਕ ਬੈਂਕ ਵਿਚ ਰੱਖ ਸਕਦਾ ਹੈ, ਕਿਸੇ ਵੀ ਕੀਮਤ ਦੀ ਕਾਰ ਦਾ ਮਾਲਕ ਹੋ ਸਕਦਾ ਹੈ, ਅਤੇ ਰਹਿਣ ਵਾਲੇ ਘਰ ਦਾ ਮਾਲਕ ਹੋ ਸਕਦਾ ਹੈ ਅਤੇ ਅਜੇ ਵੀ ਡਿਸਏਬਿਲਟੀ ਭੱਤੇ ਲੈ ਸਕਦਾ ਹੈ। ਅਸਲੀਅਤ ਵਿਚ, 3000 ਡਾਲਰ ਨਾਲੋਂ ਜ਼ਿਆਦਾ ਕੋਲ ਹੋਣ ਵਾਲਾ ਵਿਅਕਤੀ ਡਿਸਏਬਿਲਟੀ ਭੱਤਿਆਂ ਲਈ ਅਪਲਾਈ ਕਰ ਸਕਦਾ ਹੈ, ਜੇ ਉਹ ਇਹ ਪੈਸੇ ਗੁਜ਼ਾਰਾ ਕਰਨ ਲਈ ਵਰਤ ਰਿਹਾ ਹੈ ਕਿਉਂਕਿ ਪੀ ਡਬਲਯੂ ਡੀ ਲਈ ਅਰਜ਼ੀ ’ਤੇ ਕਾਰਵਾਈ ਹੋਣ ਨੂੰ ਆਮ ਤੌਰ ’ਤੇ 3 ਮਹੀਨੇ ਜਾਂ ਜ਼ਿਆਦਾ ਸਮਾਂ ਲੱਗ ਜਾਂਦਾ ਹੈ।

ਜੇ ਤੁਸੀਂ ਪੀ ਡਬਲਯੂ ਡੀ ਲਈ ਅਪਲਾਈ ਕਰਦੇ ਹੋ ਪਰ ਮੁਢਲੀ ਅਸਿਸਟੈਂਸ ਲਈ ਹੱਕਦਾਰ ਨਹੀਂ ਹੋ ਕਿਉਂਕਿ ਤੁਹਾਡੇ ਕੋਲ ਇਨਕਮ ਅਸਿਸਟੈਂਸ ਦੀ ਹੱਦ ਨਾਲੋਂ ਜ਼ਿਆਦਾ ਜਾਇਦਾਦ ਹੈ ਤਾਂ ਤੁਸੀਂ ਪੀ ਡਬਲਯੂ ਡੀ ਲਈ ਉਡੀਕ ਕਰਨ ਦੇ ਸਮੇਂ ਦੌਰਾਨ ਮੁਢਲੀ ਅਸਿਸਟੈਂਸ ਲੈ ਸਕਦੇ ਹੋ। ਇਸ ਨੂੰ ਸਮਝਣ ਵਿਚ ਤੁਹਾਡੀ ਮਦਦ ਲਈ ਦੋ ਉਦਾਹਰਣਾਂ ਇਹ ਹਨ:

- ਜੇ ਤੁਸੀਂ 1500 ਡਾਲਰ ਤੋਂ ਜ਼ਿਆਦਾ ਦੀ ਜਾਇਦਾਦ ਵਾਲੇ ਇਕੱਲੇ ਵਿਅਕਤੀ ਹੋ, ਪਰ ਇਹ 3000 ਡਾਲਰ ਤੋਂ ਘੱਟ ਹੈ ਤਾਂ ਤੁਸੀਂ ਆਪਣੀ ਪੀ ਡਬਲਯੂ ਡੀ ਲਈ ਉਡੀਕ ਕਰਨ ਦੌਰਾਨ ਹਰ ਮਹੀਨੇ 610 ਡਾਲਰ ਤੱਕ ਦੀ ਮੁਢਲੀ ਅਸਿਸਟੈਂਸ ਲੈ ਸਕਦੇ ਹੋ।
- ਪੀ ਡਬਲਯੂ ਡੀ ਲਈ ਅਰਜ਼ੀ ਕਰਨ ਵਾਲੇ, ਜਿਨ੍ਹਾਂ ਕੋਲ 5000 ਡਾਲਰ ਨਾਲੋਂ ਜ਼ਿਆਦਾ ਕੀਮਤ ਦੀ ਕਾਰ ਹੈ, ਆਪਣੀ ਪੀ ਡਬਲਯੂ ਡੀ ਲਈ ਉਡੀਕ ਕਰਨ ਦੌਰਾਨ ਮੁਢਲੀ ਅਸਿਸਟੈਂਸ ਲੈ ਸਕਦੇ ਹਨ।

ਜੇ ਐੱਮ ਐੱਸ ਡੀ ਤੁਹਾਨੂੰ ਪੀ ਡਬਲਯੂ ਡੀ ਤੋਂ ਨਾਂਹ ਕਰ ਦਿੰਦੀ ਹੈ ਤਾਂ ਤੁਹਾਨੂੰ ਉਹ ਪੈਸੇ ਵਾਪਸ ਨਹੀਂ ਦੇਣੇ ਪੈਣਗੇ ਜਿਹੜੇ ਤੁਸੀਂ ਪੀ ਡਬਲਯੂ ਡੀ ਅਰਜ਼ੀ ਦੀ ਕਾਰਵਾਈ ਦੌਰਾਨ ਲਏ ਸਨ।

## ਜਿਨ੍ਹਾਂ ਲੋਕਾਂ ਨਾਲ ਤੁਸੀਂ ਰਹਿੰਦੇ ਹੋ ਉਨ੍ਹਾਂ ਬਾਰੇ

ਡਿਸਏਬਿਲਟੀ ਵਾਲਾ ਕੋਈ ਵਿਅਕਤੀ ਜੋ ਪਰਿਵਾਰ ਦੇ ਕਿਸੇ ਮੈਂਬਰ ਜਾਂ ਰੂਮਮੇਟ ਨਾਲ ਰਹਿ ਰਿਹਾ ਹੋਵੇ, ਇਕੱਲੇ ਵਿਅਕਤੀ ਵਜੋਂ ਇਨਕਮ ਅਸਿਸਟੈਂਸ ਜਾਂ ਡਿਸਏਬਿਲਟੀ ਭੱਤੇ ਲਈ ਹੱਕਦਾਰ ਹੋ ਸਕਦਾ ਹੈ। ਪਰ, ਜੇ ਤੁਸੀਂ ਪਤੀ/ਪਤਨੀ ਜਾਂ ਪਾਰਟਨਰ ਨਾਲ ਰਹਿੰਦੇ ਹੋ ਤਾਂ ਐੱਮ ਐੱਸ ਡੀ ਤੁਹਾਡੇ ਘਰ ਦੀ ਕੁੱਲ ਆਮਦਨ ਅਤੇ ਜਾਇਦਾਦ ਬਾਰੇ ਜਾਣਨਾ ਚਾਹੇਗੀ। ਤੁਹਾਡੇ ਤੋਂ ਜੋੜੇ ਵਜੋਂ ਇਨਕਮ ਅਸਿਸਟੈਂਸ ਲਈ ਅਪਲਾਈ ਕਰਨ ਦੀ ਉਮੀਦ ਕੀਤੀ ਜਾਵੇਗੀ।

# ਸ਼ੁਰੂ ਕਰਨਾ

## ਕਦਮ 1: ਕਿੱਥੇ ਜਾਣਾ ਹੈ

ਆਪਣੇ ਇਲਾਕੇ ਵਿਚ ਐੱਮ ਐੱਸ ਡੀ ਦਾ ਦਫਤਰ ਲੱਭੋ। ਤੁਸੀਂ ਅਜਿਹਾ 1-866-866-0800 ’ਤੇ ਫੋਨ ਕਰਕੇ ਜਾਂ ਸਰਵਿਸ ਬੀ ਸੀ ਨੂੰ ਫੋਨ ਕਰਕੇ ਕਰ ਸਕਦੇ ਹੋ:

- ਵੈਨਕੂਵਰ: 604-660-2421
- ਵਿਕਟੋਰੀਆ: 250-387-6121
- ਹੋਰ ਸਾਰੇ ਇਲਾਕਿਆਂ ਤੋਂ: 1-800-663-7867

ਜੇ ਤੁਹਾਡੇ ਕੋਲ ਇੰਟਰਨੈੱਟ ਤੱਕ ਪਹੁੰਚ ਹੈ, ਤੁਸੀਂ ਆਪਣਾ ਸਥਾਨਕ ਦਫਤਰ ਇਸ ਵੈੱਬਸਾਈਟ ’ਤੇ ਜਾ ਕੇ ਲੱਭ ਸਕਦੇ ਹੋ: www.hsd.gov.bc.ca/contacts/index.htm

---

ਨੋਟ: 2010 ਵਿਚ, ਐੱਮ ਐੱਸ ਡੀ ਨੇ ਇਨਕਮ ਅਸਿਸਟੈਂਸ ਲਈ ਇਕ ਨਵੀਂ ਇੰਟਰਨੈੱਟ ’ਤੇ ਅਰਜ਼ੀ ਭਰਨ ਦੀ ਚੋਣ ਪੇਸ਼ ਕੀਤੀ ਸੀ। www.iaselfserve.gov.bc.ca ਵੈੱਬਸਾਈਟ ’ਤੇ ਜਾ ਕੇ ਨਵੇਂ ਅਰਜ਼ੀਕਰਤਾ ਅਰਜ਼ੀ ਕਰਨ ਦੀਆਂ ਉਨ੍ਹਾਂ ਸੇਵਾਵਾਂ ਬਾਰੇ ਜਾਣ ਸਕਦੇ ਹਨ ਜਿਹੜੀਆਂ ਔਨਲਾਈਨ ਉਪਲਬਧ ਹਨ। ਆਪਣੀ ਔਨਲਾਈਨ ਅਰਜ਼ੀ ਦਰਜ ਕਰਵਾਉਣ ਤੋਂ ਬਾਅਦ, ਮਨਿਸਟਰੀ ਦਾ ਕੋਈ ਵਰਕਰ ਤੁਹਾਡੇ ਨਾਲ ਹੱਕਦਾਰੀ ਬਾਰੇ ਇੰਟਰਵਿਊ ਤਹਿ ਕਰਨ ਲਈ ਸੰਪਰਕ ਕਰੇਗਾ। ਕਿਰਪਾ ਕਰਕੇ ਇਹ ਗੱਲ ਨੋਟ ਕਰੋ ਕਿ ਇਹ ਤਰੀਕਾ ਕੰਪਿਊਟਰਾਂ ਅਤੇ ਵੈੱਬਸਾਈਟਾਂ ਦੀ ਵਰਤੋਂ ਬਾਰੇ ਕੁਝ ਗਿਆਨ ਦੀ ਮੰਗ ਕਰਦਾ ਹੈ।

2001 ਵਿਚ, ਹੁਣ ਐੱਮ ਐੱਸ ਡੀ ਸਾਰੇ ਨਵੇਂ ਅਰਜ਼ੀਕਰਤਾਵਾਂ ਨੂੰ ਅਰਜ਼ੀ ਭਰਨ ਦਾ ਪਹਿਲਾ ਪੱਧਰ ਔਨਲਾਈਨ ਮੁਕੰਮਲ ਕਰਨ ਲਈ ਕਹਿੰਦੀ ਹੈ। ਇਸ ਦਾ ਮਤਲਬ ਹੈ ਕਿ ਨਵੇਂ ਅਰਜ਼ੀਕਰਤਾ ਨੂੰ ਇਨਕਮ ਅਸਿਸਟੈਂਸ ਲਈ ਅਰਜ਼ੀ ਸ਼ੁਰੂ ਕਰਨ ਲਈ ਐੱਮ ਐੱਸ ਡੀ ਦੇ ਦਫਤਰ ਜਾਣ ਦੀ ਲੋੜ ਨਹੀਂ ਹੈ। ਔਨਲਾਈਨ ਅਰਜ਼ੀ ਦੇ 60 ਤੋਂ ਜ਼ਿਆਦਾ ਸਵਾਲ ਹਨ। ਜੇ ਤੁਹਾਨੂੰ ਕੰਪਿਊਟਰ ਵਰਤਣਾ ਨਹੀਂ ਆਉਂਦਾ ਜਾਂ ਜੇ ਤੁਸੀਂ ਚੰਗੀ ਤਰ੍ਹਾਂ ਨਹੀਂ ਪੜ੍ਹ ਸਕਦੇ ਤਾਂ ਅਸੀਂ ਤੁਹਾਨੂੰ ਸਲਾਹ ਦਿੰਦੇ ਹਾਂ ਕਿ ਤੁਸੀਂ ਐੱਮ ਐੱਸ ਡੀ ਦਫਤਰ ਨਾਲ ਸੰਪਰਕ ਕਰੋ ਅਤੇ ਉਨ੍ਹਾਂ ਨੂੰ ਦੱਸੋ ਕਿ ਤੁਹਾਨੂੰ ਔਨਲਾਈਨ ਅਰਜ਼ੀ ਭਰਨ ਵਿਚ ਮਦਦ ਦੀ ਲੋੜ ਪਵੇਗੀ। ਮਨਿਸਟਰੀ ਦੇ ਸਟਾਫ ਨੂੰ ਆਪਣੇ ਦਫਤਰ ਵਿਚ ਕੰਪਿਊਟਰ ਵਰਤਣ ਵਿਚ ਤੁਹਾਡੀ ਮਦਦ ਕਰਨੀ ਚਾਹੀਦੀ ਹੈ ਜਾਂ ਜੇ ਤੁਸੀਂ ਅਜਿਹਾ ਕਰਨ ਦੇ ਯੋਗ ਨਹੀਂ ਹੋ ਤਾਂ ਤੁਹਾਡੇ ਲਈ ਅਰਜ਼ੀ ਦੀ ਪ੍ਰਸ਼ਨਾਵਲੀ ਭਰਨੀ ਚਾਹੀਦੀ ਹੈ।

---

## ਕਦਮ 2: ਦਫਤਰ ਨਾਲ ਸੰਪਰਕ ਕਰਨਾ (ਬੀ ਸੀ ਇਮਪਲੌਏਮੈਂਟ ਐਂਡ ਅਸਿਸਟੈਂਸ ਐਪਲੀਕੇਸ਼ਨ: ਕਦਮ 1)

ਐੱਮ ਐੱਸ ਡੀ ਦਫਤਰ ਨਾਲ ਸੰਪਰਕ ਕਰੋ ਅਤੇ ਦੱਸੋ ਕਿ ਤੁਸੀਂ ਇਨਕਮ ਅਸਿਸਟੈਂਸ ਅਤੇ ਡਿਸਏਬਿਲਟੀ ਭੱਤਿਆਂ ਲਈ ਅਪਲਾਈ ਕਰਨਾ ਚਾਹੁੰਦੇ ਹੋ। ਤੁਹਾਨੂੰ ਇਨਕਮ ਅਸਿਸਟੈਂਸ ਲਈ ਅਰਜ਼ੀ ਫਾਰਮ (ਹਿੱਸਾ 1) ਭਰਨ ਲਈ ਕਿਹਾ ਜਾਵੇਗਾ। ਇਕ ਵਰਕਰ ਤੁਹਾਨੂੰ ਇਨ੍ਹਾਂ ਚੀਜ਼ਾਂ ਨਾਲ ਸੰਬੰਧਿਤ ਮਨਿਸਟਰੀ ਦੀਆਂ ਉਮੀਦਾਂ ਬਾਰੇ ਦੱਸੇਗਾ:

- 3 ਹਫਤੇ ਕੰਮ ਦੀ ਭਾਲ ਕਰਨਾ
- ਓਰੀਐਨਟੇਸ਼ਨ ਸੈਸ਼ਨ (ਜਾਣਕਾਰੀ ਬੈਠਕ), ਅਤੇ
- ਆਪਣੀ ਅਰਜ਼ੀ ਦੀ ਇੰਟਰਵਿਊ ਲਈ ਤੁਹਾਡੇ ਵਲੋਂ ਲਿਆਈ ਜਾਣ ਵਾਲੀ ਜਾਣਕਾਰੀ (ਕਾਰਵਾਈ ਵਿਚ ਕਦਮ 5)।

ਜੇ ਤੁਸੀਂ ਨਿੱਜੀ ਤੌਰ ’ਤੇ ਜਾਣ ਦੇ ਯੋਗ ਨਾ ਹੋਵੋ ਤਾਂ ਦਫਤਰ ਨੂੰ ਫੋਨ ਕਰੋ। ਜੇ ਤੁਸੀਂ ਦਫਤਰ ਜਾਣ ਦੇ ਅਯੋਗ ਹੋਵੋ ਤਾਂ ਇਹ ਮੁਢਲੀ ਇੰਟਰਵਿਊ ਸ਼ਾਇਦ ਫੋਨ ’ਤੇ ਕੀਤੀ ਜਾ ਸਕਦੀ ਹੈ।

ਜੇ ਤੁਹਾਡੀ ਖਾਣੇ, ਰਿਹਾਇਸ਼ ਜਾਂ ਮੈਡੀਕਲ ਕਵਰੇਜ ਦੀ ਕੋਈ ਫੌਰੀ ਲੋੜ ਹੋਵੇ ਤਾਂ ਤੁਸੀਂ ਆਪਣੀ ਇਨਕਮ ਅਸਿਸਟੈਂਸ ਦੀ ਅਰਜ਼ੀ ਭਰਨ ਲਈ ਛੇਤੀ ਅਪੌਂਇੰਟਮੈਂਟ ਲੈ ਸਕਦੇ ਹੋ। ਜੇ ਇਨ੍ਹਾਂ ਵਿੱਚੋਂ ਕਿਸੇ ਵੀ ਚੀਜ਼ ਲਈ ਤੁਹਾਡੀ ਬਹੁਤ ਜ਼ਰੂਰੀ ਲੋੜ ਹੋਵੇ ਤਾਂ ਤੁਹਾਨੂੰ ਐੱਮ ਐੱਸ ਡੀ ਦੇ ਵਰਕਰ ਨੂੰ **ਫੌਰੀ ਲੋੜਾਂ ਦਾ ਅਨੁਮਾਨ** (ਇਮੀਡਿਏਟ ਨੀਡਜ਼ ਅਸੈੱਸਮੈਂਟ) ਲਾਉਣ ਲਈ ਕਹਿਣਾ ਚਾਹੀਦਾ ਹੈ। ਇਸ ਹਾਲਤ ਵਿਚ, ਤੁਹਾਨੂੰ ਅਰਜ਼ੀ ਲਈ ਅਪੌਂਇੰਟਮੈਂਟ 24 ਘੰਟਿਆਂ ਦੇ ਵਿਚ ਦਿੱਤੀ ਜਾਣੀ ਚਾਹੀਦੀ ਹੈ।

ਫੌਰੀ ਲੋੜ ਵਾਲੇ ਅਰਜ਼ੀਕਰਤਾਵਾਂ ਨੂੰ 3 ਹਫਤੇ ਕੰਮ ਦੀ ਭਾਲ ਨਹੀਂ ਕਰਨੀ ਪੈਂਦੀ। ਜੇ ਵਰਕਰ ਤੁਹਾਨੂੰ ਅਪੌਂਇੰਟਮੈਂਟ ਫੌਰਨ ਨਾ ਦੇ ਸਕਦਾ ਹੋਵੇ ਤਾਂ ਤੁਹਾਨੂੰ ਆਰਜ਼ੀ ਮਦਦ ਮਿਲਣੀ ਚਾਹੀਦੀ ਹੈ – ਉਦਾਹਰਣ ਲਈ, ਖਾਣੇ ਦੇ ਵਾਊਚਰ, ਬੱਸ ਟਿਕਟਾਂ ਜਾਂ ਰਿਹਾਇਸ਼ ਬਾਰੇ ਜਾਣਕਾਰੀ।

ਡਿਸਏਬਿਲਟੀਜ਼ ਵਾਲੇ ਲੋਕਾਂ ਦਾ ਜੇ ਪਹਿਲਾਂ ਹੀ ਪੀ ਡਬਲਯੂ ਡੀ ਦਰਜਾ ਨਾ ਹੋਵੇ ਤਾਂ ਉਨ੍ਹਾਂ ਨੂੰ ਕੰਮ ਲੱਭਣ ਤੋਂ ਆਪਣੇ ਆਪ ਮੁਆਫ ਨਹੀਂ ਕਰ ਦਿੱਤਾ ਜਾਂਦਾ। ਪਰ, ਜੇ ਤੁਹਾਡੀ ਕੋਈ ਅਜਿਹੀ ਮੈਡੀਕਲ ਹਾਲਤ ਹੈ ਜਿਹੜੀ ਤੁਹਾਨੂੰ ਕੰਮ ਲੱਭਣ ਤੋਂ ਰੋਕਦੀ ਹੈ ਤਾਂ ਤੁਹਾਨੂੰ 3 ਹਫਤੇ ਕੰਮ ਦੀ ਭਾਲ ਕਰਨ ਤੋਂ ਛੋਟ ਦਿੱਤੀ ਜਾ ਸਕਦੀ ਹੈ ਜਾਂ ਮਾਫ ਕੀਤਾ ਜਾ ਸਕਦਾ ਹੈ।

ਇਸ ਦੇ ਨਾਲ ਹੀ, ਜੇ ਤੁਸੀਂ ਇਨਕਮ ਅਸਿਸਟੈਂਸ ਲਈ ਅਪਲਾਈ ਕਰਨ ਤੋਂ ਪਹਿਲਾਂ, ਸਿੱਧੇ ਹੀ ਘੱਟੋ ਘੱਟ 3 ਹਫਤੇ ਲਈ ਕੰਮ ਲੱਭਿਆ ਹੈ ਤਾਂ ਤੁਹਾਨੂੰ ਹੋਰ 3 ਹਫਤੇ ਕੰਮ ਦੀ ਭਾਲ ਨਹੀਂ ਕਰਨੀ ਪਵੇਗੀ।

## ਕਦਮ 3: ਓਰੀਐਨਟੇਸ਼ਨ ਸੈਸ਼ਨ

ਤੁਹਾਡੇ ਲਈ ਓਰੀਐਨਟੇਸ਼ਨ ਸੈਸ਼ਨ ਮੁਕੰਮਲ ਕਰਨਾ ਜ਼ਰੂਰੀ ਹੈ। ਤੁਸੀਂ ਅਜਿਹਾ ਨਿੱਜੀ ਤੌਰ 'ਤੇ ਜਾਂ ਔਨ-ਲਾਈਨ ਇਸ ਵੈੱਬਸਾਈਟ 'ਤੇ ਕਰ ਸਕਦੇ ਹੋ: www.weborientation.gov.bc.ca/

ਓਰੀਐਨਟੇਸ਼ਨ ਤੁਹਾਨੂੰ ਦੱਸੇਗਾ:

- ਇਨਕਮ ਅਸਿਸਟੈਂਸ ਲਈ ਹੱਕਦਾਰੀ ਦੇ ਨਿਯਮ
- ਆਪਣੀ ਇਨਟੇਕ ਇੰਟਰਵਿਊ 'ਤੇ ਤੁਹਾਨੂੰ ਕਿਹੜੀ ਜਾਣਕਾਰੀ ਲਿਆਉਣ ਦੀ ਲੋੜ ਹੈ।

ਜੇ ਤੁਸੀਂ ਪਿਛਲੇ 60 ਦਿਨਾਂ ਵਿਚ ਓਰੀਐਨਟੇਸ਼ਨ ਮੁਕੰਮਲ ਕੀਤਾ ਹੈ, ਜਾਂ ਜੇ ਤੁਹਾਡੀ ਉਮਰ 65 ਸਾਲ ਜਾਂ ਜ਼ਿਆਦਾ ਹੈ, ਜਾਂ ਤੁਹਾਡੀ ਕੋਈ ਅਜਿਹੀ ਮੈਡੀਕਲ ਹਾਲਤ ਹੈ ਜਿਹੜੀ ਤੁਹਾਨੂੰ ਸੈਸ਼ਨ ਮੁਕੰਮਲ ਕਰਨ ਤੋਂ ਰੋਕਦੀ ਹੈ ਤਾਂ ਤੁਸੀਂ ਇਸ ਤੋਂ ਛੋਟ ਲਈ ਕਹਿ ਸਕਦੇ ਹੋ। ਜੇ ਤੁਹਾਨੂੰ ਛੋਟ ਮਿਲ ਜਾਂਦੀ ਹੈ ਤਾਂ ਐੱਮ ਐੱਸ ਡੀ ਨੂੰ ਉਨ੍ਹਾਂ ਚੀਜ਼ਾਂ ਦੀ ਲਿਸਟ ਦੇਣ ਲਈ ਪੁੱਛੋ ਜਿਹੜੀਆਂ ਤੁਹਾਨੂੰ ਆਪਣੀ ਅਰਜ਼ੀ ਦੀ ਇੰਟਰਵਿਊ 'ਤੇ ਲਿਆਉਣੀਆਂ ਪੈਣੀਆਂ ਹਨ।

ਜੇ ਤੁਹਾਡੀ ਕੋਈ ਫੌਰੀ ਲੋੜ ਨਹੀਂ ਹੈ ਅਤੇ ਤੁਹਾਨੂੰ 3 ਹਫਤੇ ਕੰਮ ਦੀ ਭਾਲ ਕਰਨ ਤੋਂ ਛੋਟ ਨਹੀਂ ਮਿਲੀ ਤਾਂ ਤੁਹਾਡੇ ਤੋਂ ਇਹ ਪੱਕਾ ਕਰਨ ਲਈ 2 ਹਫਤਿਆਂ ਬਾਅਦ ਐੱਮ ਐੱਸ ਡੀ ਦੇ ਦਫਤਰ ਨਾਲ ਸੰਪਰਕ ਕਰਨ ਦੀ ਉਮੀਦ ਕੀਤੀ ਜਾਵੇਗੀ ਕਿ ਤੁਸੀਂ ਓਰੀਐਨਟੇਸ਼ਨ ਕੀਤੀ ਹੈ, ਕਿ ਤੁਸੀਂ ਕੰਮ ਲੱਭ ਰਹੇ ਹੋ, ਅਤੇ ਤੁਸੀਂ ਅਰਜ਼ੀ 'ਤੇ ਇੰਟਰਵਿਊ ਲਈ ਸਮਾਂ ਅਤੇ ਤਾਰੀਕ ਲਵੋਗੇ।

## ਕਦਮ 4: ਅਰਜ਼ੀ 'ਤੇ ਇੰਟਰਵਿਊ (ਬੀ ਸੀ ਇਮਪਲੌਏਮੈਂਟ ਐਂਡ ਅਸਿਸਟੈਂਸ ਐਪਲੀਕੇਸ਼ਨ: ਕਦਮ 2)

ਅਰਜ਼ੀ 'ਤੇ ਇੰਟਰਵਿਊ ਨਿੱਜੀ ਤੌਰ 'ਤੇ ਦੇਣਾ ਬਿਹਤਰ ਹੈ, ਪਰ ਜੇ ਤੁਸੀਂ ਦਫਤਰ ਜਾਣ ਦੇ ਯੋਗ ਨਾ ਹੋਵੋ ਤਾਂ ਇਹ ਫੋਨ 'ਤੇ ਕੀਤੀ ਜਾ ਸਕਦੀ ਹੈ। ਜੇ ਤੁਹਾਡਾ ਪਤੀ/ਪਤਨੀ ਜਾਂ ਪਾਰਟਨਰ ਤੁਹਾਡੇ ਨਾਲ ਰਹਿੰਦਾ ਹੈ ਤਾਂ ਉਨ੍ਹਾਂ ਨੂੰ ਵੀ ਤੁਹਾਡੇ ਨਾਲ ਆਉਣ ਦੀ ਲੋੜ ਪਵੇਗੀ। ਤੁਹਾਨੂੰ ਉਸ ਲਿਸਟ ਵਿਚਲੀ ਸਾਰੀ ਮਾਇਕ ਅਤੇ ਪਛਾਣ ਕਰਵਾਉਣ ਵਾਲੀ ਜਾਣਕਾਰੀ ਵੀ ਨਾਲ ਲਿਆਉਣ ਦੀ ਲੋੜ ਪਵੇਗੀ ਜਿਹੜੀ ਤੁਹਾਨੂੰ ਮਨਿਸਟਰੀ ਨੇ ਪਹਿਲੀ ਮੀਟਿੰਗ ਵਿਚ ਦਿੱਤੀ ਸੀ।

ਅਰਜ਼ੀ 'ਤੇ ਇੰਟਰਵਿਊ ਦਾ ਮੰਤਵ ਇਹ ਫੈਸਲਾ ਕਰਨਾ ਹੈ ਕਿ ਕੀ ਤੁਸੀਂ ਮਾਇਕ ਤੌਰ 'ਤੇ ਇਨਕਮ ਅਸਿਸਟੈਂਸ ਅਤੇ/ਜਾਂ ਡਿਸਏਬਿਲਟੀ ਭੱਤਿਆਂ ਲਈ ਹੱਕਦਾਰ ਹੋ ਜਾਂ ਨਹੀਂ। ਤੁਹਾਡੇ ਵਲੋਂ ਨਾਲ ਲਿਆਂਦੇ ਹੋਏ ਪੇਪਰ ਵਿਚਾਰੇ ਜਾਣਗੇ ਅਤੇ ਵਰਕਰ ਤੁਹਾਡੇ ਤੋਂ ਹੋਰ ਜਾਣਕਾਰੀ ਵੀ ਮੰਗ ਸਕਦਾ ਹੈ। ਜੇ ਕੋਈ ਜਾਣਕਾਰੀ ਕੋਲ ਨਾ ਹੋਵੇ ਤਾਂ ਐੱਮ ਐੱਸ ਡੀ ਵਲੋਂ ਇਹ ਫੈਸਲਾ ਕਰਨ ਲਈ ਆਮ ਤੌਰ 'ਤੇ ਜ਼ਿਆਦਾ ਸਮਾਂ ਲੱਗੇਗਾ ਕਿ ਕੀ ਤੁਸੀਂ ਹੱਕਦਾਰ ਹੋ ਜਾਂ ਨਹੀਂ।

ਵਰਕਰ ਨੂੰ ਆਪਣੀ ਡਿਸਏਬਿਲਟੀ ਬਾਰੇ ਦੱਸੋ ਅਤੇ ਇਹ ਦੱਸੋ ਕਿ ਤੁਸੀਂ ਕੰਮ ਕਰਨ ਦੇ ਯੋਗ ਕਿਉਂ ਨਹੀਂ ਹੋ। ਪੀ ਡਬਲਯੂ ਡੀ ਅਰਜ਼ੀ ਮੰਗੋ। ਜੇ ਵਰਕਰ ਤੁਹਾਨੂੰ ਉਸੇ ਵਲੇ ਅਰਜ਼ੀ ਦੇਣ ਦਾ ਖਾਹਸ਼ਮੰਦ ਨਾ ਹੋਵੇ ਤਾਂ ਇਹ ਪੁੱਛੋ ਕਿ ਤੁਹਾਨੂੰ ਅਰਜ਼ੀ ਕਦੋਂ ਮਿਲ ਸਕਦੀ ਹੈ। ਜੇ ਤੁਸੀਂ ਕੁਝ ਦਿਨਾਂ ਵਿਚ ਅਰਜ਼ੀ ਲੈਣ ਦੇ ਯੋਗ ਨਾ ਹੋਵੋ ਤਾਂ ਤੁਹਾਨੂੰ ਕਿਸੇ ਹਿਮਾਇਤੀ (ਐਡਵੋਕੇਟ) ਤੋਂ ਮਦਦ ਲੈਣੀ ਚਾਹੀਦੀ ਹੈ।

## ਕਦਮ 5: ਇੰਟਰਵਿਊ ਦਾ ਸਿੱਟਾ

ਅਰਜ਼ੀ 'ਤੇ ਇੰਟਰਵਿਊ ਦੇ ਅੰਤ ਤੱਕ, ਤੁਸੀਂ ਇਹ ਜਾਣਨਾ ਚਾਹੁੰਦੇ ਹੋਵੋਗੇ ਕਿ ਕੀ ਤੁਸੀਂ ਇਨਕਮ ਅਸਿਸਟੈਂਸ ਲਈ ਹੱਕਦਾਰ ਹੋ। ਕਦੇ ਕਦੇ ਵਰਕਰ ਤੁਹਾਨੂੰ ਇਹ ਦੱਸੇਗਾ ਕਿ ਤੁਹਾਡੇ ਵਲੋਂ ਦਿੱਤੀ ਗਈ ਜਾਣਕਾਰੀ ਦੀ ਤਸਦੀਕ ਹੋਣ ਤੱਕ ਤੁਹਾਨੂੰ ਕੁਝ ਦਿਨ ਉਡੀਕ ਕਰਨੀ ਪਵੇਗੀ। ਜੇ ਹੋਰ ਜਾਣਕਾਰੀ ਮੰਗੀ ਗਈ ਹੈ ਤਾਂ ਇਹ ਐੱਮ ਐੱਸ ਡੀ ਨੂੰ ਛੇਤੀ ਤੋਂ ਛੇਤੀ ਦੇਣਾ ਯਾਦ ਰੱਖੋ। ਜੇ ਤੁਸੀਂ ਐੱਮ ਐੱਸ ਡੀ ਵਲੋਂ ਮੰਗੀ ਗਈ ਕੋਈ ਚੀਜ਼ ਨਾ ਲੈ ਸਕੋ ਤਾਂ ਜਿੰਨਾ ਵੀ ਛੇਤੀ ਹੋ ਸਕੇ ਵਰਕਰ ਨੂੰ ਇਸ ਬਾਰੇ ਦੱਸੋ। ਜੇ ਤੁਸੀਂ ਜਵਾਬ ਨਾ ਦੇਵੋ ਤਾਂ ਐੱਮ ਐੱਸ ਡੀ ਤੁਹਾਡੀ ਫਾਇਲ ਬੰਦ ਕਰ ਸਕਦੀ ਹੈ।

ਜੇ ਤੁਹਾਨੂੰ ਇਨਕਮ ਅਸਿਸਟੈਂਸ 'ਤੇ ਜਾਣ ਤੋਂ ਪਹਿਲਾਂ ਪੀ ਡਬਲਯੂ ਡੀ ਅਰਜ਼ੀ ਫਾਰਮ ਮਿਲ ਜਾਂਦਾ ਹੈ ਤਾਂ ਐੱਮ ਐੱਸ ਡੀ ਤੁਹਾਨੂੰ ਇਸ ਨੂੰ ਭਰਨ ਅਤੇ ਦਰਜ ਕਰਵਾਉਣ ਲਈ ਦੋ ਮਹੀਨੇ ਦੇਵੇਗੀ। ਜੇ ਇਸ ਨੂੰ ਦੋ ਮਹੀਨਿਆਂ ਨਾਲੋਂ ਜ਼ਿਆਦਾ ਸਮਾਂ ਲੱਗਣਾ ਹੈ ਤਾਂ ਤੁਹਾਡੇ ਲਈ ਇਸ ਬਾਰੇ ਦਫਤਰ ਨੂੰ ਦੱਸਣਾ ਜ਼ਰੂਰੀ ਹੈ।

ਜੇ ਤੁਹਾਡੀ ਇਨਕਮ ਅਸਿਸਟੈਂਸ ਦੀ ਅਰਜ਼ੀ ਰੱਦ ਹੋ ਜਾਂਦੀ ਹੈ ਤਾਂ ਤੁਹਾਨੂੰ ਇਸ ਫੈਸਲੇ ਵਿਰੁੱਧ ਅਪੀਲ ਕਰਨ ਦਾ ਹੱਕ ਹੈ ਅਤੇ ਅਸੀਂ ਤੁਹਾਨੂੰ ਸਲਾਹ ਦਿੰਦੇ ਹਾਂ ਕਿ ਤੁਸੀਂ ਕਿਸੇ ਹਿਮਾਇਤੀ (ਐਡਵੋਕੇਟ) ਦੀ ਸਲਾਹ ਲਵੋ। ਇਕ ਵਾਰ ਫਿਰ, ਜੇ ਐੱਮ ਐੱਸ ਡੀ ਤੁਹਾਨੂੰ ਪੀ ਡਬਲਯੂ ਡੀ ਅਰਜ਼ੀ ਨਹੀਂ ਦਿੰਦੀ ਤਾਂ ਵੀ ਤੁਹਾਨੂੰ ਕਿਸੇ ਹਿਮਾਇਤੀ ਨਾਲ ਸੰਪਰਕ ਕਰਨਾ ਚਾਹੀਦਾ ਹੈ।

# ਖਾਸ ਹਾਲਤਾਂ

ਕਦੇ ਕਦੇ ਘੱਟ ਆਮਦਨ ਵਾਲੇ ਲੋਕ ਖਾਸ ਹਾਲਤਾਂ ਕਰਕੇ ਆਮ ਇਨਕਮ ਅਸਿਸਟੈਂਸ ਲਈ ਯੋਗ ਨਹੀਂ ਹੋ ਸਕਦੇ ਜਿਹੜੀਆਂ ਉਨ੍ਹਾਂ ਦੇ ਕੰਟਰੋਲ ਤੋਂ ਬਾਹਰ ਹੁੰਦੀਆਂ ਹਨ। ਉਦਾਹਰਣ ਲਈ, ਤੁਸੀਂ ਕਿਸੇ ਹੋਰ ਆਮਦਨ ਦੀ ਉਡੀਕ ਜਾਂ ਪ੍ਰਾਪਰਟੀ ਵੇਚਣ ਦੀ ਕੋਸ਼ਿਸ਼ ਕਰ ਰਹੇ ਹੋ ਸਕਦੇ ਹੋ। ਇਨ੍ਹਾਂ ਹਾਲਤਾਂ ਵਿਚ, ਤੁਸੀਂ **ਹਾਰਡਸ਼ਿਪ ਅਸਿਸਟੈਂਸ** (ਤੰਗੀ ਵਿਚ ਸਹਾਇਤਾ) ਲਈ ਹੱਕਦਾਰ ਹੋ ਸਕਦੇ ਹੋ। ਕਦੇ ਕਦੇ ਹਾਰਡਸ਼ਿਪ ਅਸਿਸਟੈਂਸ ਲੈਣ ਵਾਲੇ ਲੋਕਾਂ ਨੂੰ ਇਹ ਪੈਸੇ ਬਾਅਦ ਵਿਚ ਵਾਪਸ ਕਰਨੇ ਪੈਂਦੇ ਹਨ।

ਜਿਨ੍ਹਾਂ ਲੋਕਾਂ ਦੀ ਆਮਦਨ ਐੱਮ ਐੱਸ ਡੀ ਵਲੋਂ ਤਹਿ ਕੀਤੇ ਗਏ ਰੇਟਾਂ ਤੋਂ ਥੋੜ੍ਹੀ ਜਿਹੀ ਉਪਰ ਹੈ ਉਹ ਮੈਡੀਕਲ ਸਾਜ਼-ਸਾਮਾਨ ਅਤੇ ਯੰਤਰਾਂ, ਮੈਡੀਕਲ ਸਪਲਾਈ ਜਾਂ ਮੈਡੀਕਲ ਆਵਾਜਾਈ ਲਈ ਹੱਕਦਾਰ ਹੋ ਸਕਦੇ ਹਨ, ਜੇ ਅੱਗੇ ਲਿਖੀਆਂ **ਸਾਰੀਆਂ** ਸ਼ਰਤਾਂ ਪੂਰੀਆਂ ਹੁੰਦੀਆਂ ਹਨ:

- ਤੁਹਾਨੂੰ ਜ਼ਿੰਦਗੀ ਨੂੰ ਖਤਰੇ ਵਿਚ ਪਾਉਣ ਵਾਲੀ ਸਿੱਧੀ ਅਤੇ ਅਟੱਲ ਲੋੜ ਦਾ ਸਾਹਮਣਾ ਕਰਨਾ ਪੈ ਰਿਹਾ ਹੈ
- ਇਹ ਲੋੜ ਪੂਰੀ ਕਰਨ ਲਈ ਤੁਹਾਡੇ ਕੋਲ ਕੋਈ ਹੋਰ ਸਾਧਨ ਨਹੀਂ ਹੈ
- ਤੁਹਾਨੂੰ ਐੱਮ ਐੱਸ ਪੀ ਤੋਂ ਪ੍ਰੀਮੀਅਮ ਵਿਚ ਮਦਦ ਮਿਲ ਰਹੀ ਹੈ
- ਤੁਸੀਂ ਨਿਯਮਾਂ ਦੇ ਸਿਹਤ (ਹੈਲਥ) ਸਪਲੀਮੈਂਟ ਭਾਗਾਂ ਵਿਚ ਤਹਿ ਕੀਤੀਆਂ ਗਈਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹੋ (ਹੈਲਥ ਸ਼ੀਟ ਨੰਬਰ 7 ਦੇਖੋ)।

**ਐਡਵੋਕੇਸੀ ਐਕਸੈੱਸ ਲਈ ਤਿਆਰ ਕੀਤਾ**
**ਬੀ ਸੀ ਕੋਲੀਸ਼ਨ ਆਫ ਪੀਪਲ ਵਿਦ ਡਿਸਏਬਿਲਟੀਜ਼ ਦਾ ਇਕ ਪ੍ਰੋਗਰਾਮ**

204-456 W. Broadway, Vancouver, BC V5Y 1R3 • ਟੈਲੀਫੋਨ: 604.872.1278 • ਫੈਕਸ 604.875.9227
ਟੀ ਟੀ ਵਾਈ 604.875.8835 • ਟੋਲ ਫਰੀ 1.800.663.1278 • www.bccpd.bc.ca

ਇਸ ਹੈਲਪ ਸ਼ੀਟ ਲਈ ਫੰਡ ਲੀਗਲ ਸਰਵਿਸਿਜ਼ ਸੁਸਾਇਟੀ ਆਫ ਬੀ ਸੀ, ਹਿਊਮਨ ਰੀਸੋਰਸਿਜ਼ ਐਂਡ ਸਕਿਲਜ਼ ਡਿਵੈਲਪਮੈਂਟ ਕੈਨੇਡਾ: ਹੋਮਲੈੱਸਨੈੱਸ ਪਾਰਟਨਰਿੰਗ ਸਟਰੈਟਜੀ ਅਤੇ ਹੈਲਥ ਸਾਇੰਸਿਜ਼ ਐਸੋਸੀਏਸ਼ਨ ਆਫ ਬ੍ਰਿਟਿਸ਼ ਕੋਲੰਬੀਆ ਤੋਂ ਮਿਲੇ ਹਨ।